# ਹਰਿ ਪੰਖ ਲਗਾਇ ਮਿਲੀਜੈ

ਮਲਾਰ ਮਹਲਾ ੫ ॥

ਮਨ ਮੇਰੇ ਹਰਿ ਕੇ ਚਰਨ ਰਵੀਜੈ ॥

ਦਰਸ ਪਿਆਸ ਮੇਰੋ ਮਨੁ ਮੋਹਿਓ ਹਰਿ ਪੰਖ ਲਗਾਇ ਮਿਲੀਜੈ ॥੧॥ ਰਹਾਉ ॥

ਇਹ ਸ਼ਬਦ, ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ, ਮਲਾਰ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ ਅਤੇ ਪੰਨਾ ੧੨੪੫ ਤੇ ਦਰਜ ਹੈ।

-- ਗੁਰੂ ਸਾਹਿਬ ਮਨ ਨੂੰ ਸੰਬੋਧਨ ਕਰਦੇ ਹਨ ਕਿ ਤੂੰ ਹਰੀ ਵਾਹਗੁਰੂ ਦੇ ਚਰਣ ਪਰਸ, ਭਾਵ, ਉਸਦਾ ਸਿਮਰਣ ਕਰ।

ਪਾਤਸ਼ਾਹ ਆਪਣੇ ਮਨ ਨੂੰ ਸੰਬੋਧਨ ਕਰਦਿਆਂ ਬਚਨ ਕਰਦੇ ਹਨ ਕਿ ਤੂੰ ਵਾਹਗੁਰੂ ਵਾਹਗੁਰੂ.. ਧਿਆਈ ਚਲ, ਜਪੀ ਚਲ ਅਤੇ ਰੋਜ਼ ਸਾਧੂ ਦੀ ਸੰਗਤਿ ਕਰ ਅਤੇ ਉਸਦੇ ਚਰਣਾਂ ਨਾਲ ਚਿਤ ਜੋੜ - 'ਮੇਰੇ ਮਨ ਹਰਿ ਹਰਿ ਨਾਮੁ ਧਿਆਇ।। ਕਰਿ ਸੰਗਤਿ ਨਿਤ ਸਾਧ ਕੀ ਗੁਰ ਚਰਣੀ ਚਿਤੁ ਲਾਇ।।', ਪੰਨਾ ੪੭. ਭਗਤ ਕਬੀਰ ਜੀ, ਪੰਨਾ ੩੩੮ ਤੇ, ਉਪਦੇਸ਼ ਕਰਦੇ ਹਨ ਕਿ ਜੀਵਨ ਦਾ ਮਨੋਰਥ ਹਾਸਲ ਕਰਣ ਲਈ ਹਰੀ ਪ੍ਰਭੂ ਦੀ ਭਗਤੀ, ਭਾਵ, ਸਿਮਰਣ ਕਰਨਾ ਚਾਹੀਦਾ ਹੈ, ਕਿਉਂਕਿ ਸਾਡਾ, ਵਾਹਿਗੁਰੂ ਦਾ ਨਾਮ ਹੀ ਇਕ ਆਧਾਰ ਹੈ, ਇਸ ਲਈ ਰਸਨਾ ਨਾਲ ਹਮੇਸ਼ਾਂ ਉਸ ਰਾਮ ਪ੍ਰਭੂ ਦਾ ਨਾਮ ਹੀ ਜਪਦੇ ਰਹਿਣਾ ਚਾਹੀਦਾ ਹੈ - 'ਕਹਿ ਕਬੀਰ ਜੀਵਨ ਪਦ ਕਾਰਨਿ ਹਰਿ ਕੀ ਭਗਤਿ ਕਰੀਜੈ।। ਏਕੁ ਆਧਾਰੁ ਨਾਮੁ ਨਾਰਾਇਨ ਰਸਨਾ ਰਾਮੁ ਰਵੀਜੈ।।'

-- ਮੇਰੇ ਮਨ ਨੂੰ ਵਾਹਗੁਰੂ ਦੇ ਦਰਸ਼ਨਾਂ ਦੀ ਪਿਆਸ ਲਗ ਗਈ ਹੈ ਅਤੇ ਹਰ ਵਕਤ ਮੇਰਾ ਮਨ ਉਸਦੇ ਦਰਸ਼ਨ ਲਈ ਇਉਂ ਲੋਚਦਾ ਹੈ, ਕਿ ਹਰੀ ਪ੍ਰਭੂ ਨੂੰ ਮੈਂ ਪੰਖ ਲਗਾ ਕੇ ਉਡ ਕੇ ਉਸ ਕੋਲ ਪਹੁੰਚ ਕੇ ਮਿਲ ਲਵਾਂ।੧।ਰਹਾਉ।

ਪਾਤਸ਼ਾਹ, ੧੪੨੬ ਪੰਨੇ ਤੇ ਵੀ ਇਸੇ ਤਰ੍ਹਾਂ ਹੀ ਮਿਲਣ ਦੀ ਲੋਚਾ ਜ਼ਾਹਰ ਕਰਦੇ ਹਨ ਕਿ ਜੇ ਮੈਨੂੰ, ਵਿਕਾਊ ਖੰਭ ਮਿਲ ਜਾਣ ਤਾਂ ਮੈਂ, ਆਪਣੇ ਬਰਾਬਰ ਦਾ ਧਨ ਤੋਲ ਕੇ ਵੀ ਉਹ ਲੈ ਲਵਾਂ ਅਤੇ ਆਪਣੇ ਤਨ ਤੇ ਜੜ੍ਹਵਾ ਕੇ, ਦਰਸ਼ਨਾਂ ਖ਼ਾਤਰ, ਆਪਣੇ ਪਿਆਰੇ ਸਜਣ, ਹਰੀ ਪ੍ਰਭੂ ਨੂੰ ਲਭ ਲਵਾਂ - 'ਖੰਭ ਵਿਕਾਂਦੜੇ ਜੇ ਲਹਾਂ

ਘਿੰਨਾ ਸਾਵੀ ਤੋਲ।। ਤੰਨਿ ਜੜਾਂਈ ਆਪਣੈ   ਲਹਾਂ ਸੁ ਸਜਣੁ ਟੋਲਿ।।'

ਖੋਜਤ ਖੋਜਤ ਮਾਰਗੁ ਪਾਇਓ ਸਾਧੂ ਸੇਵ ਕਰੀਜੈ ॥

ਧਾਰਿ ਅਨੁਗ੍ਰਹੁ ਸੁਆਮੀ ਮੇਰੇ ਨਾਮੁ ਮਹਾ ਰਸੁ ਪੀਜੈ ॥੧॥

-- ਖੋਜਦਿਆਂ ਖੋਜਦਿਆਂ, ਅਖੀਰ, ਮੈਨੂੰ ਪ੍ਰਭੂ ਪ੍ਰਾਪਤੀ ਦਾ ਮਾਰਗ ਲਭ ਪਿਆ, ਉਹ ਹੈ ਸਾਧੂ ਦੀ ਸੇਵਾ।

ਮਹਾਰਾਜ ਨੇ, ਪੰਨਾ ੫੩੦ ਤੇ ਖੁਲਾਸਾ ਕੀਤਾ ਹੈ ਕਿ ਭਾਲ, ਵੀਚਾਰ ਕਰਦਿਆਂ ਕਰਦਿਆਂ ਮੈਂ ਇਸ ਸਿਟੇ ਤੇ ਅਪੜਿਆ ਹਾਂ ਕਿ ਹਰੀ ਪ੍ਰਭੂ ਦਾ ਨਾਮ ਤਾਂ ਸੰਤ ਜਨਾਂ ਦੇ ਕੋਲ ਹੈ। ਪਰ ਇਹ ਖ਼ਜ਼ਾਨਾ, ਉਨ੍ਹਾਂ ਤੋਂ, ਮਿਲਦਾ ਉਨ੍ਹਾਂ ਨੂੰ ਹੈ, ਜਿਨ੍ਹਾਂ ਦੇ ਭਾਗਾਂ ਵਿਚ ਇਹ ਬਖਸ਼ਿਸ਼, ਧੁਰ ਤੋਂ ਲਿਖੀ ਹੁੰਦੀ ਹੈ - 'ਖੋਜਤ ਖੋਜਤ ਖੋਜਿ ਬੀਚਾਰਿਓ   ਹਰਿ ਸੰਤ ਜਨਾ ਪਹਿ ਆਹਾ।। ਤਿਨ੍ਾ ਪਰਾਪਤਿ ਏਹੁ ਨਿਧਾਨਾ ਜਿਨ੍ ਕੈ ਕਰਮਿ ਲਿਖਾਹਾ।।'

-- ਹੇ ਮੇਰੇ ਸੁਆਮੀ ! ਮੇਰੇ ਤੇ ਕਿਰਪਾ ਕਰ ਤਾਂ ਜੁ ਮੈਂ ਤੇਰੇ ਨਾਮ ਦਾ ਅੰਮ੍ਰਿਤ ਰਸ ਪੀ ਸਕਾਂ।

ਸ੍ਰੀ ਗੁਰੂ ਅਮਰਦਾਸ ਸਾਹਿਬ ਦੇ, ਪੰਨਾ ੨੮ ਤੇ, ਅਮੋਲਕ ਬਚਨ ਹਨ ਕਿ ਵਾਹਗੁਰੂ ਵਾਹਗੁਰੂ.. ਨਾਮ ਉਹੀ ਜਪਦਾ ਹੈ ਜਿਸਤੇ ਉਹ ਆਪਣੀ ਰਜ਼ਾ ਅੰਦਰ ਕਿਰਪਾ ਕਰਦਾ ਹੈ - 'ਹਰਿ ਹਰਿ ਨਾਮੁ ਧਿਆਈਐ   ਜਿਸ ਨਉ ਕਿਰਪਾ ਕਰੇ ਰਜਾਇ।।' ਪੰਚਮ ਪਾਤਸ਼ਾਹ ਨੇ ਵੀ ਪ੍ਰਭੂ ਨੂੰ ਬੇਨਤੀ ਦੇ ਰੂਪ ਬਚਨ ਕੀਤੇ ਹਨ ਕਿ ਪ੍ਰਭੂ ਆਪਣੀ ਕਿਰਪਾ ਕਰੇ ਤਾਂ ਹੀ ਉਸਦਾ ਅੰਮ੍ਰਿਤ ਮਈ ਨਾਮ ਜਪੀਏ - 'ਕਰਿ ਕਿਰਪਾ ਪ੍ਰਭ ਆਪਣੀ   ਜਪੀਐ ਅੰਮ੍ਰਿਤ ਨਾਮੁ।।', ਪੰਨਾ ੪੬. ਆਪਣੇ ਪ੍ਰਭੂ ਨੂੰ ਇਵ ਵੀ ਬੇਨਤੀ ਹੈ ਕਿ ਮੈਨੂੰ ਆਪਣੇ ਨਾਮ ਦਾ ਸੁਆਦ ਬਖ਼ਸ਼ - 'ਕਰਿ ਅਨੁਗ੍ਰਹੁ ਪ੍ਰਭੂ ਮੇਰੇ   ਨਾਨਕ ਨਾਮ ਸੁਆਉ।।', ਪੰਨਾ ੫੦੨.

ਤ੍ਰਾਹਿ ਤ੍ਰਾਹਿ ਕਰਿ ਸਰਨੀ ਆਏ ਜਲਤਉ ਕਿਰਪਾ ਕੀਜੈ ॥

ਕਰੁ ਗਹਿ ਲੇਹੁ ਦਾਸ ਅਪੁਨੇ ਕਉ ਨਾਨਕ ਅਪੁਨੋ ਕੀਜੈ ॥੨॥੧੩॥੧੭॥

-- ਹਾਲ ਹਾਲ ਕਰਦਾ, ਮੈਂ ਤੇਰੀ ਸ਼ਰਣ ਪਿਆ ਹਾਂ, ਮੇਰੇ ਸੜਦੇ

ਬਲਦੇ ਮਨ ਤੇ ਕਿਰਪਾ ਕਰੋ।

ਸ੍ਰੀ ਗੁਰੂ ਰਾਮਦਾਸ ਸਾਹਿਬ ਨੇ, ਪੰਨਾ ੧੩੧੧ ਤੇ, ਬੇਨਤੀ ਕਰਣ ਦਾ ਵਲ ਦਸਿਆ ਹੈ ਕਿ ਹੇ ਮੇਰੇ ਗੁਰੂ ! ਤੇਰਾ ਜਨ ਰਖਿਆ ਦੀ ਦੁਹਾਈ ਮਚਾਉਂਦਾ ਤੇਰੀ ਸ਼ਰਣ ਆਇਆ ਹੈ ਤੂੰ ਮੇਰਾ ਹਥ ਫ਼ੜ ਕੇ ਸੰਸਾਰ ਸਮੁੰਦਰ ਵਿਚੋਂ ਕਢ ਲੈ - 'ਤ੍ਰਾਹਿ ਤ੍ਰਾਹਿ ਸਰਨਿ ਜਨ ਆਏ ਗੁਰੁ ਹਾਥੀ ਦੇ ਨਿਕਲਾਵੈਗੋ।।'

-- ਪੰਜਵੇਂ ਨਾਨਕ ਪ੍ਰਭੂ ਨੂੰ ਬੇਨਤੀ ਕਰਦੇ ਹਨ ਕਿ ਆਪਣੇ ਇਸ ਦਾਸ ਦਾ ਹਥ ਫ਼ੜ ਕੇ, ਮੈਨੂੰ ਆਪਣਾ ਬਣਾ ਲਉ।

ਪਾਤਸ਼ਾਹ ਦਸਦੇ ਹਨ ਕਿ ਇਹ ਬੇਨਤੀ ਇਸ ਲਈ ਕੀਤੀ ਹੈ ਕਿ ਪ੍ਰਭੂ ਕੰਤ ਦਾ ਸੁਭਾਅ ਹੈ ਕਿ ਜਦੋਂ ਉਹ ਕਿਰਪਾ ਦੇ ਘਰ ਵਿਚ ਆਉਂਦਾ ਹੈ ਤਾਂ ਆਪਣੀ ਇਸਤਰੀ, ਭਾਵ, ਭਗਤ ਨੂੰ ਬਾਹੋਂ ਫ਼ੜ ਕੇ ਖਿਚ ਕੇ ਆਪਣਾ ਬਣਾ ਲੈਂਦਾ ਹੈ ਅਤੇ ਗੁਣਾਂ ਅਉਗੁਣਾਂ ਵਲ ਵੀ ਨਹੀਂ ਵੇਖਦਾ - 'ਬਾਂਹ ਪਕੜਿ ਠਾਕੁਰ ਹਉ ਘਿਧੀ ਗੁਣ ਅਵਗਣ ਨ ਪਛਾਣੇ।।', ਪੰਨਾ ੭੦੪. ਪੰਨਾ ੩੯੪ ਤੇ ਵੀ ਗੁਰੂ ਸਾਹਿਬ ਦੇ ਬਚਨ ਹਨ ਕਿ ਕੰਤ ਪ੍ਰਭੂ ਨੇ ਪਕੜ ਕੇ ਮੈਨੂੰ ਆਪਣੀ ਰਾਣੀ ਬਣਾ ਲਿਆ - 'ਕੰਤ ਪਕਰਿ ਹਮ ਕੀਨੀ ਰਾਣੀ।।' ਅਤੇ ਬੇਨਤੀ ਹੈ ਕਿ ਹੇ ਗੁਰੂ/ਪ੍ਰਭੂ ! ਮੈਨੂੰ ਮੇਰੀ ਬਾਂਹ ਤੋਂ ਫ਼ੜ ਲਉ ਅਤੇ ਹਰੀ ਦਾ ਨਾਮ ਬਖ਼ਸ਼ ਦਿਉ - 'ਗਹਿ ਭੁਜਾ ਪ੍ਰਭ ਜੀ ਲੇਹੁ।। ਹਰਿ ਨਾਮੁ ਅਪਨਾ ਦੇਹੁ।।', ਪੰਨਾ ੮੩੮. ਮੇਰੇ ਪਿਆਰੇ ! ਜੇ ਤੂੰ ਮੇਰਾ ਹਥ ਫ਼ੜ ਲਏਂ ਤਾਂ ਮੈਂ ਤੈਨੂੰ ਕਦੇ ਮੂਲੋਂ ਹੀ ਨਾ ਛੱਡਾਂ, ਫ਼ਿਰ ਵੀ ਜੋ ਮੰਦੀ ਬੁਧੀ ਵਾਲੇ ਤੈਨੂੰ ਛਡ ਦਿੰਦੇ ਹਨ, ਉਹ, ਦੋਜ਼ਕ, ਭਾਵ ਨਰਕ ਦੀਆਂ ਸੂਲਾਂ ਤੇ ਪੈਂਦੇ ਹਨ - 'ਜੇ ਕਰੁ ਗਹਹਿ ਪਿਆਰੜੇ ਤੁਧੁ ਨ ਛੋਡਾ ਮੂਲਿ।। ਹਰਿ ਛੋਡਨਿ ਸੇ ਦੁਰਜਨਾ ਪੜਹਿ ਦੋਜਕ ਕੈ ਸੂਲ।।', ਪੰਨਾ ੩੨੨. ਅਤੇ, ਪੰਨਾਂ ੨੦੪ ਤੇ, ਬੇਨਤੀ ਹੈ ਕਿ ਹੇ ਮੇਰੇ ਸੁਆਮੀ ! ਮੇਰਾ ਹਥ ਫ਼ੜ ਕੇ ਮੈਨੂੰ ਖਿਚ ਕੇ ਆਪਣਾ ਬਣਾ ਲਉ, ਮੇਰਾ ਮਨ ਅਤੇ ਮੇਰਾ ਤਨ, ਸਭ ਤੇਰੀ ਹੀ ਪੂੰਜੀ ਹੈ - 'ਕਰੁ ਗਹਿ ਲੇਹੁ ਨਾਨਕ ਕੇ ਸੁਆਮੀ ਜੀਉ ਪਿੰਡੁ ਸਭੁ ਤੁਮਰੀ ਰਾਸਿ।।'

31.8.2020